# PUNJAB POLICE SECURITY CORPORATION LTD.

**Police Building, Phase-7, SAS NAGAR (MOHALI)**

**FAX No. 0172-4080107, e.mail md.pphc@punjab.gov.in**

**TEL. NO.0172-4080111-12, 4080104**


## ਥੋੜੇ ਸਮੇਂ ਦਾ ਟੈਂਡਰ ਨੋਟਿਸ

## ਮੈੱਸ ਅਤੇ ਵਰਦੀ ਦਾ ਠੇਕਾ

ਟੈਂਡਰ ਨੋਟਿਸ ਨੰ: /2015-16

ਪੰਜਾਬ ਦੇ ਬੇਰੁਜਗਾਰ ਨੌਜਵਾਨਾਂ ਨੂੰ ਪ੍ਰਾਈਵੇਟ ਸੁਰਖਿਆ ਖੇਤਰ ਵਿੱਚ ਰੋਜਗਾਰ ਹਾਸਲ ਕਰਨ ਦੇ ਕਾਬਲ ਬਣਾਉਣ ਦੇ ਮਕਸਦ ਨਾਲ ਵਿੱਤੀ ਸਾਲ 2015-16 ਦੌਰਾਨ ਪੰਜਾਬ ਸਿਕਿਉਰਟੀ ਟ੍ਰੇਨਿੰਗ ਸਿੱਖਲਾਈ ਸੰਸਥਾਂ, ਜਹਾਨਖੇਲਾਂ, ਹੁਸ਼ਿਆਰਪੁਰ ਵਿਖੇ ਦੋ-ਦੋ ਮਹੀਨਿਆਂ ਦੀ ਟ੍ਰੇਨਿੰਗ ਦੇ ਕੋਰਸ ਚਲਾਏ ਜਾਣੇ ਹਨ । ਇਹਨਾਂ ਕੋਰਸਾਂ ਲਈ ਸਿਖਿਆਰਥੀਆਂ ਨੂੰ ਹੇਠਾਂ ਲਿਖੀਆਂ ਸਹੂਲਤਾਂ ਮੁਹਈਆ ਕਰਾਉਣ ਦਾ ਠੇਕਾ ਨਿਰਧਾਰਿਤ ਸ਼ਰਤਾਂ ਤੇ ਮਿਤੀ 10.06.2015 ਨੂੰ ਬਾਅਦ ਦੁਪਿਹਰ 3.00 ਵਜੇ ਉੱਕਤ ਦਰਸ਼ਾਏ ਪਤੇ ਤੇ ਦਿੱਤਾ ਜਾਵੇਗਾ :-

1) ਮੈਸ ਦਾ ਠੇਕਾ (ਸਿਖਿਆਰਥੀਆਂ ਨੂੰ ਸਾਫ ਸੁਥਰਾ ਖਾਣਾ ਅਤੇ ਨਾਸ਼ਤਾ ਦੇਣਾ) ।
2) ਵਰਦੀ ਅਤੇ ਵਰਦੀ ਨਾਲ ਸਬੰਧਤ ਆਈਟਮਾਂ ਦੀ ਸਪਲਾਈ ਦਾ ਠੇਕਾ ।

ਚਾਹਵਾਨ ਠੇਕੇਦਾਰ, ਠੇਕੇ ਨਾਲ ਸਬੰਧਤ ਸ਼ਰਤਾਂ ਦੀ ਜਾਣਕਾਰੀ ਕਿਸੇ ਵੀ ਕੰਮ ਵਾਲੇ ਦਿਨ 500/- ਰੁਪਏ ਨਗਦ ਦੇ ਕੇ ਉੱਕਤ ਦਿੱਤੇ ਪਤੇ ਤੋਂ ਪ੍ਰਾਪਤ ਕਰ ਸਕਦੇ ਹਨ ਜਾਂ ਨਿਗਮ ਦੀ ਵੈਬ ਸਾਇਟ www.pphcl.org. ਤੋਂ ਪ੍ਰਾਪਤ ਕਰ ਸਕਦੇ ਹਨ ਅਤੇ ਟੈਂਡਰ ਦੀ ਕੀਮਤ 500/-ਰੁਪਏ ਦੀ ਰਾਸ਼ੀ ਜਮਾਨਤ ਰਾਸ਼ੀ ਵਿੱਚ ਜਮ੍ਹਾਂ ਕਰਕੇ ਦੇ ਸਕਦੇ ਹਨ।

ਸਹੀ/-

ਪ੍ਰਬੰਧਕ ਨਿਰਦੇਸ਼ਕ

# PUNJAB POLICE SECURITY CORPORATION LTD.

**POLICE BUILDING, PHASE-7, SAS NAGAR (MOHALI)**

**TEL. NO.0172-4080111-12, 4080104**

**FAX No. 0172-4080107**

e.mail md.pphc@punjab.gov.in


Name of Contractor/Agency : ___________________________

___________________________

___________________________

___________________________

Phone No. : ___________________________

Reference Tender dated____________ for providing food to the trainees in the mess of the Training Centre at PSTI, Jahankhelan.

JAHANKHELAN TRAINING CENTRE,

I) Rate Rs.__________

Each Trainee for full day

CONDITIONS :

______________________________________________________________________________

______________________________________________________________________________

______________________________________________________________________________

______________________________________________________________________________

Signature of Contractor

(Seal)

# (ਸੁਰੱਖਿਆ ਸਿਖਲਾਈ ਕੋਰਸ ਦੇ ਟ੍ਰੇਨਿਆਂ ਨੂੰ ਮੈੱਸ ਸਹੁਲਤਾਂ ਮੁੱਹਈਆ ਕਰਵਾਉਣ ਦੇ ਠੇਕੇ ਦੀਆਂ ਸ਼ਰਤਾਂ)

ਮਾਲੀ ਸਾਲ 2015-16 ਦੌਰਾਨ ਜਹਾਨਖੇਲਾਂ ( ਜਿਲ੍ਹਾ ਹੁਸ਼ਿਆਰਪੁਰ) ਵਿਖੇ 2 ਮਹੀਨਿਆਂ ਦੀ ਅਵਧੀ ਦੀ ਟ੍ਰੇਨਿੰਗ ਦੇ 300 ਤੋ 400 ਦੇ ਵਿੱਚ ਸਿਖਿਆਰਥੀਆਂ ਦੇ ਬੈਚਾਂ ਲਈ ਟ੍ਰੇਨਿੰਗ ਦੇਣ ਸਬੰਧੀ ਸਿੱਖਿਆਰਥੀਆਂ ਨੂੰ ਮੈਸ ਸਹੂਲਤਾਂ ਮੁਹਈਆ ਕਰਾਵਾਉਣ ਲਈ ਟੈਂਡਰ ਦੀ ਮੰਗ ਕੀਤੀ ਗਈ ਹੈ । ਸਿਖਿਆਰਥੀਆਂ ਦੀ ਗਿਣਤੀ ਵਿੱਚ ਵਾਧਾ ਅਤੇ ਘਾਟਾ ਹੋਣ ਦੀ ਸੰਭਾਵਨਾਂ ਨੂੰ ਨਕਾਰਿਆ ਨਹੀ ਜਾ ਸਕਦਾ।

## <u>ਮੈਸ ਕੰਟਰੈਕਟ ਦੀਆਂ ਸ਼ਰਤਾਂ</u>

<u>1) ਕੰਮ ਦਾ ਕਾਰਜ ਖੇਤਰ</u> :

i) ਸਿਖਿਆਰਥੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਅਧੀਨ ਚਾਹ, ਖਾਣੇ, ਸਨੈਕਸ ਆਦਿ ਦੀ ਪੂਰਤੀ ਨਾਲ ਨੱਥੀ ਅਨੁਲੱਗ ੳ) ਵਿੱਚ ਅੰਕਿਤ ਵੇਰਵੇ ਅਨੁਸਾਰ ਕਰਵਾਈ ਕੀਤੀ ਜਾਵੇਗੀ ਅਤੇ ਸਾਰੇ ਖਾਣ ਵਾਲੇ ਪਦਾਰਥਾਂ ਦੀ ਗੁਣਵੱਤਾ (ਕੁਆਲਿਟੀ), ਸਫਾਈ ਅਤੇ ਸੇਵਾਵਾਂ ਦਾ ਮਿਆਰ ਉੱਚ ਕੋਟੀ ਦਾ ਹੋਵੇਗਾ। ਇਸ ਸਬੰਧੀ ਹੋਣ ਵਾਲਾ ਸਾਰਾ ਖਰਚਾ ਮੈਸ ਠੇਕੇਦਾਰ /ਏਜੈਂਸੀ ਦਾ ਹੋਵੇਗਾ । ਜਿਸ ਵਿੱਚ ਖਾਣ-ਪੀਣ ਵਾਲੇ ਪਦਾਰਥਾਂ ਤੋ ਇਲਾਵਾ ਰਸੋਈ ਗੈਸ ਦੀ ਕੀਮਤ ਵੀ ਸ਼ਾਮਿਲ ਹੈ ।

ii) ਠੇਕੇ ਦੇ ਅਰਸੇ ਦੌਰਾਨ ਮੈੱਸ ਏਜੈਂਸੀ ਵੱਲੋ ਇਸਤੇਮਾਲ ਕੀਤੀਆਂ ਜਾਣ ਵਾਲੀਆਂ ਹੋਰ ਇਮਾਰਤਾਂ ਦੇ ਰੱਖ-ਰਖਾਵ ਤੋ ਇਲਾਵਾ ਫਰਨੀਚਰ, ਭਾਂਡਿਆਂ, ਖਾਣਾ ਬਣਾਉਣ, ਸੰਭਾਲ ਕੇ ਰੱਖਣ, ਪਰੋਸਨ, ਠੰਡੇ ਪਾਣੀ ਦੀ ਪੂਰਤੀ ਆਦਿ ਲਈ ਲਗਾਏ ਗਏ ਉੱਪਕਰਣਾ ਦੀ ਟੁੱਟ ਭੱਜ ਅਤੇ ਗੁੰਮ ਹੋਣ ਦੀ ਪੂਰਤੀ ਵੀ ਠੇਕੇਦਾਰ ਨੂੰ ਹੀ ਕਰਨੀ ਪਵੇਗੀ।

iii) ਠੇਕੇਦਾਰ ਸਾਰੇ ਸਿਖਿਆਰਥੀਆਂ ਨੂੰ ਸੰਸਥਾ ਵਲੋ ਨਿਰਧਾਰਿਤ ਸਮੇਂ ਸੀਮਾਵਾਂ ਵਿੱਚ ਖਾਣਾ, ਚਾਹ ਆਦਿ ਮੁੱਹਈਆ ਕਰਵਾਉਣ ਦਾ ਜ਼ਿੰਮੇਵਾਰ ਹੋਵੇਗਾ ਅਤੇ ਇਸ ਮਕਸਦ ਦੀ ਪੂਰਤੀ ਲਈ ਲੋੜ ਅਨੁਸਾਰ ਕਾਫੀ ਕਰਮਚਾਰੀ ਤਾਇਨਾਤ ਕਰੇਗਾ ਤਾਂ ਜੋ ਸਿਖਿਆਰਥੀਆਂ ਦੀ ਸਿਖਲਾਈ ਅਤੇ ਸੁਵਿਧਾ ਵਿਚ ਕਿਸੇ ਕਿਸਮ ਦਾ ਕੋਈ ਵਿਘਨ ਨਾ ਪਵੇ।

<u>2) ਕੁਆਲਟੀ ਕੰਟਰੋਲ :</u>

i) ਠੇਕੇਦਾਰ ਵਲੋ ਰੋਜ਼ਮਰ੍ਹਾ ਦੇ ਆਧਾਰ ਤੇ ਦਿੱਤੀਆਂ ਜਾਣ ਵਾਲੀਆਂ ਖਾਣ-ਪੀਣ ਦੀਆਂ ਸਾਰੀਆਂ ਵਸਤੂਆਂ ਦੇ ਮਿਆਰ ਅਤੇ ਸਫਾਈ ਆਦਿ ਦਾ ਜ਼ਾਇਜ਼ਾ ਇਸ ਮੱਕਸਦ ਲਈ ਨਾਮਜ਼ਦ ਸਟਾਫ ਮੈਬਰਾਂ ਅਤੇ ਸਿਖਿਆਰਥੀਆਂ ਦੀ ਇੱਕ ਕਮੇਟੀ ਦੁਆਰਾ ਨਿਰੰਤਰ ਲਿਆ ਜਾਂਦਾ ਰਿਹਾ ਕਰੇਗਾ ਅਤੇ ਖਾਣ ਦੇ ਮਿਆਰ ਅਤੇ ਸਫਾਈ ਵਿਚ ਪਾਈਆਂ ਜਾਣ ਵਾਲੀਆਂ ਕਮੀਆਂ/ਤਰੁਟੀਆਂ ਵਿੱਚ ਸੁਧਾਰ ਨਾ ਆਉਣ ਦੀ ਸੂਰਤ ਵਿੱਚ ਠੇਕਾ ਇੱਕ ਤਰਫਾ ਤੌਰ ਤੇ ਭੰਗ ਕਰ ਦਿੱਤਾ ਜਾਵੇਗਾ ਅਤੇ ਸਿਕਿਉਰਟੀ ਰਾਸ਼ੀ ਜਬਤ ਕਰ ਲਈ ਜਾਵੇਗੀ।

ii) ਠੇਕੇਦਾਰ ਦੇ ਕਾਰਗੁਜਾਰੀ ਦਾ ਮੁੱਲਅੰਕਣ ਰੋਜ ਮਰ੍ਹਾ ਦੇ ਆਧਾਰ ਤੇ ਇਸ ਮਕਸਦ ਲਈ ਨਾਮਜਦ ਸਰਕਾਰੀ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਕੀਤਾ ਜਾਵੇਗਾ ਅਤੇ ਕੰਮ ਦਾ ਮਿਆਰ ਸੰਤੋਖਜਨਕ ਨਾ ਹੋਣ ਦੀ ਸੂਰਤ ਵਿੱਚ ਅਦਾਇਗੀ ਤੇ ਰੋਕ ਲਾ ਦਿੱਤੀ ਜਾਵੇਗੀ।

iii) ਠੇਕੇਦਾਰ ਖਾਣ ਪੀਣ ਵਾਲੀਆਂ ਵਸਤੂਆਂ ਨਾਲ ਸਬੰਧਤ ਕਨੂੰਨਾਂ, ਨਿਯਮਾਂ, ਜਾਬਤਿਆਂ ਅਤੇ ਲੇਬਰ ਐਕਟ ਦੀ ਪਾਲਣਾ ਕਰਨ ਦਾ ਵਿਅਕਤੀਗਤ ਤੌਰ ਤੇ ਪਾਬੰਦ ਹੋਵੇਗਾ ਅਤੇ ਉਲੰਘਣਾ ਲਈ ਜਾਤੀ ਤੌਰ ਤੇ ਜਿੰਮੇਵਾਰ ਹੋਵੇਗਾ।

<u>3) ਕੰਟਰੈਕਟ ਦੀ ਅਵਧੀ:</u>

i) ਕੰਟਰੈਕਟ ਜੁਲਾਈ, 2015 ਤੋਂ ਸ਼ੁਰੂ ਹੋਣ ਵਾਲੇ ਸੁਰੱਖਿਆ ਸਿਖਿਲਾਈ ਕੋਰਸ ਤੋ 31.03.2016 ਤੱਕ ਚਲਾਏ ਜਾਣ ਵਾਲੇ ਕੋਰਸਾਂ ਲਈ ਹੋਵੇਗਾ । ਦੋਵੇ ਧਿਰਾਂ ਦੀ ਸਹਿਮਤੀ ਤੇ ਕੰਟਰੈਕਟ ਵਿੱਚ ਹੋਰ ਵਾਧਾ ਵੀ ਮੌਜੂਦਾ ਕੰਟਰੈਕਟ ਦੀਆਂ ਸ਼ਰਤਾਂ ਦੇ ਅਧਾਰ ਤੇ ਕੀਤਾ ਜਾ ਸਕਦਾ ਹੈ ।

4) <u>ਟਰਮੀਨੇਸ਼ਨ ਆਫ ਕੰਟਰੈਕਟ</u> :

i) ਨਿਗਮ ਵੱਲੋ ਕੰਟਰੈਕਟ ਬਿਨਾਂ ਕਾਰਨ ਦੱਸੇ 15 ਦਿਨਾਂ ਦੇ ਨੋਟਿਸ ਤੇ ਖਤਮ ਕੀਤਾ ਜਾ ਸਕਦਾ ਹੈ । ਮੈਸ ਏਜੈਂਸੀ ਵੱਲੋ ਇੱਕ ਮਹੀਨੇ ਸਮੇਂ ਦੇ ਨੋਟਿਸ ਤੇ ਕੰਟਰੈਕਟ ਖੱਤਮ ਕੀਤਾ ਜਾ ਸਕਦਾ ਹੈ ।

5) <u>ਸਿਕਿਉਰਟੀ ਰਾਸ਼ੀ</u> :

ਠੇਕੇ ਲੈਣ ਦੇ ਹਰੇਕ ਚਾਹਵਾਨ 10,000/- ਰੁਪੈ ਦੀ ਰਾਸ਼ੀ ਦਾ ਡਰਾਫਟ ਬਤੌਰ ਅਰਨੈਸਟ ਮਨੀ ( ਪੇਸ਼ਗੀ ਰਾਸ਼ੀ) "ਪੰਜਾਬ ਪੁਲਿਸ ਸਿਕਿਉਰਟੀ ਕਾਰਪੋਰੇਸ਼ਨ) ਚੰਡੀਗੜ੍ਹ ਦੇ ਨਾਂ ਤੇ ਜਮਾਂ ਕਰਾਉਣੀ ਪਵੇਗੀ ਅਤੇ ਆਪਣੇ ਪਿਛਲੇ ਤਜਰਬੇ ਅਤੇ ਸ਼ਾਖ ਦੇ ਅਧਾਰ ਤੇ ਹਰੇਕ ਠੇਕੇਦਾਰ ਵੱਲੋਂ ਕਮੇਟੀ ਨੂੰ ਇਹ ਯਕੀਨ ਦਵਾਉਣਾ ਪਵੇਗਾ ਕਿ ਉਹ ਠੇਕੇ ਦੀਆਂ ਜਿਮੇਂਵਾਰੀਆਂ ਕਿਸੇ ਰੁਕਾਵਟ ਵੱਧੀਆ ਤਰੀਕੇ ਨਾਲ ਪੂਰੀਆਂ ਕਰਨ ਦੇ ਸਮੱਰਥ ਹੈ ਅਤੇ ਪਿਛਲੇ 2 ਸਾਲਾਂ ਦੇ ਤਜਰੇਬੇ ਸਬੰਧੀ ਦਸਤਾਵੇਜ ਪੇਸ਼ ਕਰਨ। ਅਜਿਹਾ ਨਾ ਕਰ ਸਕਣ ਦੀ ਸੂਰਤ ਵਿੱਚ ਨਿਗਮ ਦੇ ਪ੍ਰਬੰਧਕ ਨਿਰਦੇਸ਼ਕ ਨੂੰ ਕਿਸੇ ਵੀ ਠੇਕੇਦਾਰ ਦੀ ਪੇਸ਼ਕਸ਼ ਅਪ੍ਰਵਾਨ ਕਰਨ ਦਾ ਅਧਿਕਾਰ ਹੋਵੇਗਾ ।

ਠੇਕਾ Lowest-1 ਏਜੈਂਸੀ ਦੇ ਹੱਕ ਵਿੱਚ ਹੋਣ ਤੇ ਉਸਨੂੰ ਰੁਪਏ 25,000/- ਦੀ ਰਾਸ਼ੀ ਹੋਰ, ਬਤੌਰ ਸਕਿਉਰਟੀ ਮੌਕੇ ਤੋਂ ਜਮ੍ਹਾਂ ਕਰਵਾਉਣੀ ਪਵੇਗੀ ਜਿਸ ਨਾਲ ਉਸ ਦੀ ਕੁਲ ਸਕਿਉਰਟੀ ਰਾਸ਼ੀ ਰੁਪੈ 35,000/- (ਰੁਪੈ ਪੈਂਤੀ ਹਜਾਰ ਕੇਵਲ) ਹੋ ਜਾਵੇਗੀ ਜੋ ਠੇਕੇ ਦੀ ਮਿਆਦ ਪੁਗਣ ਤੋਂ ਬਾਅਦ ਉਸ ਨੂੰ ਵਾਪਸ ਦਿੱਤੀ ਜਾਵੇਗੀ , ਪ੍ਰੰਤੂ ਠੇਕਾ ਸਮੇਂ ਤੋਂ ਪਹਿਲਾਂ ਛੱਡਣ ਤੇ ਇਹ ਜਮਾਨਤ ਰਾਸ਼ੀ ਜਬਤ ਕਰ ਲਈ ਜਾਵੇਗੀ ।

6) <u>ਪੇਮੈਂਟ ਸਬੰਧੀ ਸ਼ਰਤਾਂ</u> :

i) ਏਜੈਂਸੀ ਵੱਲ ਬਣਦੀ ਰਾਸ਼ੀ ਦੀ ਅਦਾਇਗੀ ਹਰ ਮਹੀਨੇ ਦੀ ਦਸ ਤਰੀਕ ਤੋਂ ਪਹਿਲਾਂ ਟਰੇਨਿਆਂ ਦੀਆਂ ਹਾਜਰੀਆਂ ਦੇ ਹਿਸਾਬ ਨਾਲ ਨਿਰਧਾਰਿਤ ਰੇਟ ਤੇ ਇਸ ਮਕਸਦ ਲਈ ਨਾਮਜਦ ਕਮੇਟੀ ਤੋਂ ਤਸਦੀਕ ਕਰਵਾਉਣ ਤੋਂ ਬਾਅਦ ਮੁੱਖ ਦਫਤਰ ਨੂੰ ਭੇਜੀ ਜਾਵੇਗੀ । ਅਦਾਇਗੀ ਮਹੀਨੇ ਵਿੱਚ ਸਿਰਫ ਇਕ ਵਾਰ ਹੀ ਕੀਤੀ ਜਾਇਆ ਕਰੇਗੀ।

ii) ਛੁੱਟੀ ਤੇ ਜਾਣ ਵਾਲੇ ਟਰੇਨੀਆਂ ਦੀ ਹਾਜਰੀ ਏਜੈਂਸੀ ਦੇ ਬਿੱਲਾਂ ਵਿੱਚ ਸੁਮਾਰ ਨਹੀ ਕੀਤੀ ਜਾਵੇਗੀ ਅਤੇ ਸਿੱਖਿਆਰਥੀਆਂ ਦੀ ਹਾਜਰੀ ਅਤੇ ਉਸ ਮੁਤਾਬਿਕ ਬਣਦੀ ਅਦਾਇਗੀ ਦਾ ਹਿਸਾਬ ਕਿਤਾਬ ਟਰੇਨਿੰਗ ਸੈਂਟਰ ਦੇ ਇਸ ਮਕਸਦ ਲਈ ਨਾਮਜ਼ਦ ਸਟਾਫ ਵੱਲੋਂ ਸਾਂਝੇ ਤੌਰ ਤੇ ਰੱਖਿਆ ਜਾਵੇਗਾ ਅਤੇ ਰੋਜਮਰ੍ਹਾ ਦੇ ਅਧਾਰ ਤੇ ਤਸਦੀਕ ਕੀਤਾ ਜਾਵੇਗਾ।

.iii) ਠੇਕੇ ਨਾਲ ਸਬੰਧਤ ਧਨ ਰਾਸ਼ੀ ਤੇ ਸੇਵਾ ਕਰ, ਬਿਲ ਵਿਚੋ ਟੈਕਸ ਕਟੌਤੀ ਤੋ ਇਲਵਾ ਹੋਰ ਕੋਈ ਆਮਦਨ ਕਰ ਜਾਂ ਹੋਰ ਨਿਰਧਾਰਿਤ ਕਰਾਂ ਦੀ ਅਦਾਇਗੀ ਏਜੈਂਸੀ ਵੱਲੋਂ ਆਪਣੇ ਤੋਰ ਤੇ ਨਿਸਚਿਤ ਸਮੇਂ ਤੇ ਕਰਕੇ ਸਬੰਧਤ ਵਿਭਾਗ ਵੱਲੋਂ ਇਸ ਸਬੰਧੀ ਕੋਈ ਬਕਾਇਆ ਨਾ ਹੋਣ ਦਾ ਸਰਟੀਫਿਕੇਟ ਪੰਜਾਬ ਪੁਲਿਸ ਸਕਿਉਰਿਟੀ ਕਾਰਪੋਰੇਸ਼ਨ ਦੇ ਦਫਤਰ ਸੁਨਿਸ਼ਚਿਤ ਸਮੇਂ ਤੇ ਪੇਸ਼ ਕਰਨਾ ਪਵੇਗਾ.

.iv) ਠੇਕੇ ਨਾਲ ਸਬੰਧਤ ਬਣਦੀ ਧੰਨ ਰਾਸ਼ੀ ਤੇ ਇੰਨਕੰਮ ਟੈਕਸ ਦੀ ਕਟੌਤੀ ਨਿਗਮ ਵੱਲੋ ਏਜੈਂਸੀ ਦੇ ਬਿਲ ਵਿਚੋਂ ਕਰ ਕੇ ਸਬੰਧਤ ਵਿਭਾਗ ਨੂੰ ਜਮ੍ਹਾਂ ਕਰਾਈ ਜਾਵੇਗੀ ।

v) ਅਦਾਇਗੀ ਚੈਕ/ਆਰ.ਟੀ.ਜੀ.ਐਸ.ਸਿਸਟਮ ਰਾਹੀਂ ਕੀਤੀ ਜਾਵੇਗੀ ।

7<u>) ਆਰਬੀਟ੍ਰੇਸ਼ਨ:</u>

ਕੰਟਰੈਕਟ ਦੌਰਾਨ ਕਿਸੇ ਵੀ ਤਰ੍ਹਾਂ ਦੇ ਡਿਸਪਿਊਟ ਹੋਣ ਤੇ ਨਿਪਟਾਰਾ ਸੋਲ ਆਰਬੀਟਰੇਟਰ ਵੱਲੋ ਕੀਤਾ ਜਾਵੇਗਾ ਜਿਸ ਦੀ ਨਿਯੁਕਤੀ ਨਿਗਮ ਦੇ ਮੈਨੇਜਿੰਗ ਡਾਇਰੈਕਰ ਵੱਲੋ ਕੀਤੀ ਜਾਵੇਗੀ । ਆਰਬੀਟ੍ਰੇਟਰ ਦਾ ਫੈਸਲਾ ਅੰਤਿਮ ਹੋਵੇਗਾ ਅਤੇ ਦੋਨਾਂ ਧਿਰਾਂ ਨੂੰ ਮੰਨਜੂਰ ਹੋਵੇਗਾ।

8) <u>ਕਾਨੂੰਨੀ ਜਿਮੇਵਾਰੀ</u> :

i) ਠੇਕੇਦਾਰ ਅਤੇ ਉਸਦੇ ਕਰਮਚਾਰੀ ਟਰੇਨਿੰਗ ਸੈਂਟਰ ਦੇ ਨਿਯਮਾਂ ਅਤੇ ਕਾਰਜ ਪ੍ਰਣਾਲੀਆਂ ਦੇ ਪਾਬੰਦ ਹੋਣਗੇ ਅਤੇ ਕਿਸੇ ਵੀ ਅਜਿਹੀ ਗਤੀਵਿਧੀ ਵਿੱਚ ਸ਼ਾਮਲ ਨਹੀ ਹੋਣਗੇ ਜੋ ਗੈਰ ਕਾਨੂੰਨੀ ਅਤੇ ਟਰੇਨਿੰਗ ਸੈਂਟਰ ਦੇ ਪ੍ਰਿਸਰ ਵਿੱਚ ਵਰਜਿਤ ਹਨ। ਜੋ ਵੀ ਕਰਮਚਾਰੀ ਮੈੱਸ ਦੇ ਕੰਮ ਲਈ ਲਗਾਏ ਜਾਣਗੇ ਉਹਨਾਂ ਦੀਆਂ ਉਜਰਤਾਂ, ਬੋਨਸ, ਗ੍ਰੇਜਟੀ, ਛੁੱਟੀਆਂ ਅਦਿ ਅਲੱਗ-ਅਲੱਗ ਲਾਗੂ ਸਬੰਧਤ ਐਕਟ ਅਧੀਨ ਦੇਣ ਦੀ ਜਿਮੇਵਾਰੀ ਮੈਸ ਏਜੈਂਸੀ ਦੀ ਹੋਵੇਗੀ । ਏਜੈਂਸੀ ਵੱਲੋ ਲੋੜੀਦੇ ਸਟੇਚਰੀ ਰਜਿਸਟਰੇਸ਼ਨ ਨੰਬਰ ਸਬੰਧੀ ਹੇਠ ਦਸਤਾਵੇਜ ਦੇਣੇ ਪੈਣਗੇ :

a) ਈ.ਐਸ.ਆਈ. ਸੀ. ਰਜਿਸਟਰੇਸ਼ਨ ਨੰਬਰ ।

b) ਪ੍ਰਾਵੀਡੇਟ ਫੰਡ ਰਜਿਸਟਰੇਸ਼ਨ ਨੰਬਰ ।

c) ਇਨਕਮ ਟੈਕਸ ਪੈਨ ਨੰਬਰ ।

ii)) ਉਕਤ ਸਬੰਧੀ ਕਿਸੇ ਵੀ ਤਰ੍ਹਾਂ ਦੀ ਉਲਘੰਣਾਂ ਹੋਣ ਤੇ ਏਜੈਂਸੀ ਜਿੰਮੇਵਾਰ ਹੋਵੇਗੀ ।

iii) ਲਾਈਸੈਂਸ ਫੀਸ, ਸਟੈਂਪ ਡਿਊਟੀ ਅਤੇ ਕੰਟਰੈਕਟ ਐਗਰੀਮੈਂਟ ਨਾਲ ਸਬੰਧਤ ਖਰਚਾ ਏਜੈਂਸੀ ਵੱਲੋ ਕੀਤਾ ਜਾਵੇਗਾ।

9) ਸ਼ਨਾਖਤੀ ਕਾਰਡ :

i) ਏਜੈਂਸੀ ਆਪਣੇ ਮੁਲਾਜਮਾਂ ਨੂੰ ਸ਼ਨਾਖਤੀ ਕਾਰਡ ਜਾਰੀ ਕਰੇਗੀ । ਮੁਲਾਜਮਾਂ ਦਾ ਵਿਵਰਣ ਅਤੇ 2 ਫੋਟੋਗਰਾਫ ਕਮਾਂਡੈਂਟ ਦਫਤਰ ਦੇ ਰਿਕਾਰਡ ਹੇਤੂ ਜਮ੍ਹਾਂ ਕਰਾਏਗੀ

10. ਹੋਰ ਸ਼ਰਤਾਂ :

i) ਮੈੱਸ ਏਜੈਂਸੀ ਵੱਲੋ ਮੈੱਸ ਦਾ ਠੇਕਾ ਕਿਸੇ ਹੋਰ ਨੂੰ ਸਬਲਿਟ ਨਹੀ ਕੀਤਾ ਜਾਵੇਗਾ ।

ii) ਏਜੈਂਸੀ ਆਪਣੇ ਤੌਰ ਤੇ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਉਸਦੇ ਕਿਸੇ ਵੀ ਕਰਮਚਾਰੀ ਵੱਲੋਂ ਪੰਜਾਬ ਪੁਲਿਸ ਦੇ ਸੁਰੱਖਿਆ ਪੱਖੋ ਸੰਵੇਦਨਸ਼ੀਲ ਪ੍ਰਿਸਰ (ਪੀ.ਆਰ.ਟੀ.ਸੀ. ਜਹਾਨ ਖੇਲ੍ਹਾਂ ) ਵਿੱਚ ਸਿਖਲਾਈ ਹਾਸਲ ਕਰਦੇ ਜਾਂ ਰਿਹਾਇਸ ਰੱਖਦੇ ਪੁਲਿਸ ਅਤੇ ਸਿਵਲੀਅਨ ਕਰਮੀਆਂ ਅਤੇ ਸਿਖਿਆਰਥੀਆਂ ਕਿਸੇ ਕਿਸਮ ਦਾ ਕੋਈ ਖ਼ਤਰਾ ਨਹੀ ਹੈ।

iv) ਏਜੈਂਸੀ ਖਾਣਾ ਤਿਆਰ ਕਰਵਾਉਣ, ਵਰਤਾਉਣ ਅਤੇ ਬਰਤਨਾਂ ਦੀ ਸਫਾਈ ਆਦਿ ਲਈ ਪੂਰੀ ਤਰ੍ਹਾਂ ਨਸ਼ਾ ਮੁਕਤ ਅਤੇ ਸਿਹਤਮੰਦ ਕਰਮਚਾਰੀਆਂ ਦੀਆਂ ਸੇਵਾਵਾਂ ਦਾ ਇਸਤੇਮਾਲ ਕਰੇਗੀ ਅਤੇ ਆਪਣੇ ਕਰਮਚਾਰੀਆਂ ਦੇ ਬਿਮਾਰੀ ਮੁਕਤ ਹੋਣ ਦੀ ਤਸਦੀਕ ਕਰਾਉਣ ਲਈ ਠੇਕੇ ਦੀ ਸ਼ੁਰੂਆਤ ਸਮੇਂ ਅਤੇ ਹਰ ਤਿੰਨ ਮਹੀਨੇ ਬਾਅਦ ਉਹਨਾਂ ਦੀ ਸਿਹਤ ਦਾ ਸਰਕਾਰੀ ਡਾਕਟਰਾਂ ਤੋਂ ਵਿਸਤ੍ਰਿਤ ਮੁਆਇਨਾ ਕਰਵਾਵੇਗੀ ਅਤੇ ਇਸ ਦੀ ਰਿਪੋਟ ਇਸ ਮਕਸਦ ਲਈ ਨਾਮਜਦ ਕਮੇਟੀ ਸਾਹਮਣੇ ਪੇਸ਼ ਕਰਨ ਦਾ ਜਿੰਮੇਵਾਰ ਹੋਵੇਗੀ।

v) ਏਜੈਂਸੀ ਕੇਵਲ ਠੇਕੇ ਦੀਆਂ ਸ਼ਰਤਾਂ ਅਨੁਸਾਰ ਤਹਿ ਕੀਤੀਆਂ ਹੋਇਆ ਵਸਤੂਾਂ ਹੀ ਕੇਵਲ ਸੁਰੱਖਿਆ ਸਿਖਲਾਈ ਕੋਰਸਾਂ ਦੇ ਸਿੱਖਿਆਰਥੀਆਂ ਨੂੰ ਸਪਲਾਈ ਕਰੇਗੀ। ਇਸ ਤੋਂ ਇਲਾਵਾ ਕੋਈ ਹੋਰ ਖਾਣ ਪੀਣ ਜਾਂ ਇਸਤੇਮਾਲ ਵਿੱਚ ਆਉਣ ਵਾਲੀ ਫੁੱਟਕਲ ਚੀਜ਼ ਦੀ ਠੇਕੇਦਾਰ ਵੱਲੋਂ ਵਿਕਰੀ ਤੇ ਸਖ਼ਤ ਪਾਬੰਦੀ ਹੋਵੇਗੀ ਅਤੇ ਅਵੱਗਿਆ ਦੀ ਸੂਰਤ ਵਿੱਚ ਬਣਦਾ ਜੁਰਮਾਨਾ ਕਮਾਡੈਂਟ ਵੱਲੋਂ ਤਹਿ/ਵਸੂਲ ਕੀਤਾ ਜਾਵੇਗਾ ਪ੍ਰੰਤੂ ਇਸ ਦੀ ਰਾਸ਼ੀ ਠੇਕੇਦਾਰ ਦੇ ਮੰਥਲੀ ਚਾਲੂ ਬਿੱਲ ਦੇ 10% ਤੋਂ ਵੱਧ ਨਹੀ ਹੋਵੇਗੀ ।

vi) ਏਜੈਂਸੀ ਆਪਣੇ ਕਰਮਚਾਰੀਆਂ ਨੂੰ ਤਨਖਾਹ ਦੀ ਅਦਾਇਗੀ ਸਮੇਂ ਸਿਰ ਕਰੇਗੀ ਅਤੇ ਏਜੈਂਸੀ ਵੱਲੋ ਯਕੀਨੀ ਬਣਾਇਆ ਜਾਵੇਗਾ ਕਿ ਕੋਈ ਵੀ ਉਸ ਦਾ ਮੁਲਾਜਮ ਨਿਗਮ ਦੇ ਦਫਤਰ ਨਾਲ ਪੱਤਰ ਵਿਵਹਾਰ/ਸਪੰਰਕ ਨਹੀ ਕਰੇਗਾ ।

vii) ਏਜੈਂਸੀ ਦੇ ਕਿਸੇ ਮੁਲਾਜਮ ਦੀ ਮੈੱਸ ਦੇ ਕੰਮ ਦੌਰਾਨ ਹਾਦਸਾ ਹੋਣ ਤੇ ਜਖਮੀ ਜਾਂ ਮੌਤ ਹੋਣ ਦੀ ਸੂਰਤ ਵਿੱਚ ਏਜੈਂਸੀ ਪੂਰੀ ਤਰ੍ਹਾਂ ਨਾਲ ਜਿਮੇਂਵਾਰ ਹੋਵੇਗੀ ।

viii) ਉਪਰੋਕਤ ਸ਼ਰਤਾਂ ਵਿੱਚ ਟਰੇਨੀਆਂ ਅਤੇ ਸੰਸਥਾ ਦੇ ਹਿੱਤਾਂ ਨੂੰ ਮੱਦੇ ਨਜ਼ਰ ਰੱਖਦੇ ਹੋਏ ਨਾ ਟਾਲੀਆਂ ਜਾਣ ਵਾਲੀਆਂ ਪ੍ਰਸਥਿਤੀਆਂ ਵਿੱਚ ਜਾਇਜ ਤਰਮੀਮ ਕਰਨ ਦਾ ਹੱਕ ਸੰਸਥਾ ਦਾ ਰਾਖਵਾਂ ਹੋਵੇਗਾ।

ix) ਮੈਸ ਦਾ ਟੈਂਡਰ ਦੂਸਰੇ ਠੇਕੇਦਾਰਾਂ ਤੋਂ ਘੱਟ ਰੇਟ ਦੀ ਪੇਸ਼ਕਸ਼ ਦੇਣ ਵਾਲੇ ਠੇਕੇਦਾਰ ਦੇ ਹੱਕ ਵਿੱਚ ਦਿੱਤਾ ਜਾਵੇਗਾ ।

x) ਨਿਗਮ ਦੇ ਪ੍ਰਬੰਧਕ ਨਿਰਦੇਸ਼ਕ ਨੂੰ ਕਿਸੇ ਵੀ ਜਾਂ ਸਾਰੇ ਟੈਂਡਰਾਂ ਨੂੰ ਰੱਦ ਕਰਨ ਦਾ ਹੱਕ ਹੋਵੇਗਾ ।

ਮੈਸ ਮੀਨੂ

| ਦਿਨ | ਸਵੇਰ ਦੀ ਚਾਹ | ਸ਼ਾਮ ਦੀ ਚਾਹ | ਦੁਪਹਿਰ ਦਾ ਖਾਣਾ | ਸ਼ਾਮ ਦਾ ਖਾਣਾ |
|---|---|---|---|---|
| ਸੋਮਵਾਰ | ਚਾਹ ਕੱਪ 200ml, 4 ਪੀਸ ਬਿਸਕੁੱਟ | ਚਾਹ ਕੱਪ 200ml, ਸਮੋਸਾ 01 ਪੀਸ | ਸਬਜ਼ੀ ਕਾਲੇ ਚਨੇ ਆਲੂ, ਦਹੀ, ਚਪਾਤੀ | ਦਾਲ ਮਸਰ ਸਾਬਤ, ਖੀਰ, ਚਪਾਤੀ |
| ਮੰਗਲਵਾਰ | ਚਾਹ ਕੱਪ 200ml, 4 ਪੀਸ ਬਿਸਕੁੱਟ | ਚਾਹ ਕੱਪ 200ml, ਬੇਸਣ 01 ਪੀਸ | ਸਬਜ਼ੀ ਰਾਜਮਾਂਹ ਆਲੂ, ਦਹੀ, ਚਪਾਤੀ | ਦਾਲ ਮੂੰਗੀ ਮਸਰ, ਹਰੀ ਸਬਜ਼ੀ, ਚਪਾਤੀ |
| ਬੁੱਧਵਾਰ | ਚਾਹ ਕੱਪ 200ml, 4 ਪੀਸ ਬਿਸਕੁੱਟ | ਚਾਹ ਕੱਪ 200ml, ਮੱਠੀ 01 ਪੀਸ | ਸਬਜ਼ੀ ਚਿੱਟੇ ਚਨੇ ਆਲੂ, ਦਹੀ, ਚਪਾਤੀ | ਦਾਲ ਚਨਾ, ਮਟਰ ਪਨੀਰ, ਚਪਾਤੀ |
| ਵੀਰਵਾਰ | ਚਾਹ ਕੱਪ 200ml, 4 ਪੀਸ ਬਿਸਕੁੱਟ | ਚਾਹ ਕੱਪ 200ml, ਬਰੈਡ ਪਕੌੜਾ 01 ਪੀਸ | ਸਬਜ਼ੀ ਰੌਂਗੀ ਆਲੂ, ਦਹੀ, ਚਪਾਤੀ | ਦਾਲ ਮੂੰਗੀ ਸਾਬਤ, ਹਰੀ ਸਬਜ਼ੀ, ਚਪਾਤੀ |
| ਸ਼ੁੱਕਰਵਾਰ | ਚਾਹ ਕੱਪ 200ml, 4 ਪੀਸ ਬਿਸਕੁੱਟ | ਚਾਹ ਕੱਪ 200ml, ਬੇਸਣ 01 ਪੀਸ | ਸਬਜ਼ੀ ਕਾਲੇ ਚਨੇ ਆਲੂ, ਦਹੀ, ਚਪਾਤੀ | ਦਾਲ ਮਾਂਹ ਛੋਲੇ, ਮਟਰ ਪਨੀਰ, ਖੀਰ, ਚਪਾਤੀ |
| ਸ਼ਨੀਵਾਰ | ਚਾਹ ਕੱਪ 200ml, 4 ਪੀਸ ਬਿਸਕੁੱਟ | ਚਾਹ ਕੱਪ 200ml, ਮੱਠੀ 01 ਪੀਸ | ਸਬਜ਼ੀ ਰਾਜਮਾਂਹ ਆਲੂ, ਦਹੀ, ਚਪਾਤੀ | ਕੜੀ ਪਕੌੜਾ, ਦਾਲ ਮਾਂਹ ਸਾਬਤ, ਚਪਾਤੀ |
| ਐਤਵਾਰ | ਚਾਹ ਕੱਪ 200ml, 4 ਪੀਸ ਬਿਸਕੁੱਟ | ਚਾਹ ਕੱਪ 200ml, ਸਮੋਸਾ 01 ਪੀਸ | ਸਬਜ਼ੀ ਆਲੂ ਮਟਰ, ਦਹੀ, ਚਪਾਤੀ | ਸਬਜ਼ੀ ਨਵ੍ਰਿਤਰੀ ਆਲੂ, ਦਾਲ ਮੂੰਗੀ ਮਸਰ, ਚਪਾਤੀ |

ਨੋਟ : 1) ਖਾਣ-ਪੀਣ ਵਾਲੀਆਂ ਸਾਰੀਆਂ ਵਸਤਾਂ ਨਿਰਧਾਰਿਤ ਸਕੇਲ ਅਨੁਸਾਰ ਤਿਆਰ ਕੀਤੀਆਂ ਜਾਣਗੀਆਂ।
2) ਬਿਸਕੁੱਟ ਬਰਤਾਨੀਆ ਟਾਈਗਰ ਗੁਲੂਕੋਜ਼ ਦਿੱਤੇ ਜਾਣਗੇ।
3) ਚਾਹ, ਖੀਰ, ਪਨੀਰ ਅਤੇ ਦਹੀ ਲਈ ਵੇਰਕਾ ਦੁੱਧ ਦੀ ਵਰਤੋ ਕੀਤੀ ਜਾਵੇਗੀ।
4) ਮੱਠੀ ਅਤੇ ਬੇਸਣ ਪੀਸ ਪੀ.ਆਰ.ਟੀ.ਸੀ. ਦੀ ਕੰਟੀਨ ਦੇ ਵਜ਼ਨ ਅਨੁਸਾਰ।
5) ਖੀਰ, ਦਹੀ, ਪਨੀਰ ਅਤੇ ਹਰੀ ਸਬਜ਼ੀ ਹੇਠ ਲਿਖੀ ਨਿਰਧਾਰਿਤ ਮਿਕਦਾਰ ਅਨੁਸਾਰ- ਅਤੇ ਹੋਰ ਦਾਲਾਂ/ਸਬਜ਼ੀਆਂ ਅਤੇ ਚਪਾਤੀ ਲੋੜ ਅਨੁਸਾਰ ਦਿੱਤੀਆਂ ਜਾਣਗੀਆਂ।

ਸਕੇਲ ਇੱਕ ਜਨੇ ਪ੍ਰਤੀ ਜਵਾਨ

| | | |
|---|---|---|
| ਖੀਰ | : | 225 ਗ੍ਰਾਮ |
| ਦਹੀ | : | 150 ਗ੍ਰਾਮ |
| ਪਨੀਰ | : | 80 ਗ੍ਰਾਮ |
| ਹਰੀ ਸਬਜ਼ੀ | : | 175 ਗ੍ਰਾਮ |

Punjab Police Security

PUNJAB POLICE TRAINING INSTITUTE MESS (7)

PUNJAB—YOUTH—TRAINEES—MESS P.R.T.C.JAHAN KHELAN

APPROVED RATION SCALE (MESS)

| SR. NO. | NAME OF ITEMS | | QUANTITY |
|---|---|---|---|
| 1. | ATTA | | 550 GMS |
| 2. | MUSTERED OIL & REFINDOIL AND GHEE | I. FOR DAL & SABJI | 20 GMS |
| 3. | | II. FOR VEGETABLES | 25 GMS |
| 4. | | III. FOR CHEESE | 30 GMS |
| 5. | | IV. FOR MEAT | 40 GMS |
| 6. | | V. FOR BREAD | 10 GMS |
| 7. | MIRCH | | 2 GMS |
| 8. | MASALA | | 21/2 GMS |
| 9. | HALDI | | 4 GMS |
| 10. | MILK | I. FOR TEA | 40 GMS |
| 11. | | II. FOR KHEER | 160 GMS |
| 12. | SUGAR | I. FOR TEA | 10 GMS |
| 13. | | II. FOR KHEER | 40 GMS |
| 14. | | III. FOR LEMON WATER | 80 GMS |
| 15. | TEA | | 1½ GMS |
| 16. | MATAR | | 60 GMS |
| 17. | KALA CHANA | | 60 GMS |
| 18. | WHITE CHANA | | 60 GMS |
| 19. | RAJMAH | | 60 GMS |
| 20. | MUNGI SABAT | | 60 GMS |
| 21. | MALKA MASOR | | 60 GMS |
| 22. | DAL MUNGI | | 60 GMS |
| 23. | DAL MASAORI | | 30 GMS |
| 24. | DAL CHANA | | 30 GMS |
| 25. | MAH SABOOT | | 20 GMS |
| 26. | RICE FOR KHEER | | 30 GMS |
| 27. | ROHGI | | 30 GMS |
| 28. | SOGI | | 60 GMS |
| 29. | GIRI | | 2 GMS |
| 30. | SALT | FOR LEMON WATER & DAL SABJI,CHEESE,MEAT | 2 GMS<br>10 GMS |
| 31. | METHEYE FOR KHERI | | 1 GMS |
| 32. | KALI MIRCH | | 1 GMS |
| 33. | ZERA | | 1 GMS |
| 34. | BESON FOR KARI | I. KARHI | 30GMS |
| 35. | | II. FOR BREAD | 10 GMS |
| 36. | CHEESE | | 80 GMS |
| 37. | MEAT | | 200 GMS |
| 38. | VEGETABLE | GHIA,KADU & FUL GHOBI,CARROT,MATTER | 400 GMS |
| 39. | CURD | | 150 GMS |
| 40. | BISCUIT | | 27 GMS |
| 41. | NEUTRY | | 30 GMS |
| 42. | ALU | | 100 GMS |
| 43. | ONION | I. FOR CHEESE | 10 GMS |
| 44. | | II. DAL, SABZI | 10 GMS |
| 45. | ADRAK,LASUN | I. CHEESE | 5 GMS |
| 46. | | II. DAL SABZI | 2 GMS |
| 47. | TOMATO | I. CHEESE | 24 GMS |
| 48. | | II. DAL SABZI | 14 GMS |
| 49. | H. MIRCH | | 1½ GMS |
| 50. | REFIND | I FOR BREAD | 10 GMS |

Note:

(i) following Material/ ingredients would be used for prepar-ation of Meals/ snacks.

(ii). VERKA Milk (Green Packet) would be used.

(b) Dahi & Paneer of "VERKA"

(c) Mirchs Masala of MDH Brand.

(d) Mustard & Refined oil '131' Brand.

(e) fresh Vegetables

**PUNJAB POLICE SECURITY CORPORATION LTD.**
**POLICE BUILDING, PHASE-7, SAS NAGAR (MOHALI)**
**TEL. NO.0172-4080111-12, 4080104**
**FAX No. 0172-4080107**
e.mail md.pphc@punjab.gov.in

Name of Contractor/Agency : ____________________________

______________________________

_______________________________

_______________________________

Phone No. : _______________________________

Reference Tender dated____________ for providing stitched uniform to the trainees of the Training Centre at PSTI, Jahankhelan.

JAHANKHELAN TRAINING CENTRE, UNIFORM

II) Rate Rs.__________

CONDITIONS :

___________________________________________________________________________________

___________________________________________________________________________________

___________________________________________________________________________________

___________________________________________________________________________________

Signature of Contractor
(Seal)

## ਸੁਰੱਖਿਆ ਸਿੱਖਲਾਈ ਕੋਰਸ ਦੇ ਟ੍ਰੇਨੀਆਂ ਦੀ ਵਰਦੀ ਅਤੇ ਵਰਦੀ
## ਨਾਲ ਸਬੰਧਤ ਆਈਟਮਾਂ ਦੀ ਸਪਲਾਈ ਦੇ ਠੇਕੇ ਲਈ ਸ਼ਰਤਾਂ :

ਮਾਲੀ ਸਾਲ 2015-16 ਦੌਰਾਨ ਜਹਾਨਖੇਲਾਂ ( ਜਿਲ੍ਹਾ ਹੁਸ਼ਿਆਰਪੁਰ) ਵਿਖੇ 2 ਮਹੀਨਿਆਂ ਦੀ ਅਵਧੀ ਦੀ ਟ੍ਰੇਨਿੰਗ ਦੇ 300 ਤੋ 400 ਦੇ ਵਿੱਚ ਸਿਖਿਆਰਥੀਆਂ ਦੇ ਬੈਚਾਂ ਲਈ ਟ੍ਰੇਨਿੰਗ ਦੇਣ ਸਬੰਧੀ ਸਿੱਖਿਆਰਥੀਆਂ ਨੂੰ ਵਰਦੀ ਅਤੇ ਵਰਦੀ ਨਾਲ ਸਬੰਧਤ ਆਈਟਮਾਂ (ਨਾਲ ਨੱਥੀ ਸੂਚੀ ਅਨੁਸਾਰ) ਦੀ ਸਪਲਾਈ ਦੇਣ ਬਾਰੇ ਟੈਂਡਰ ਦੀ ਮੰਗ ਕੀਤੀ ਗਈ ਹੈ । ਸਿਖਿਆਰਥੀਆਂ ਦੀ ਗਿਣਤੀ ਵਿੱਚ ਵਾਧਾ ਅਤੇ ਘਾਟਾ ਹੋਣ ਦੀ ਸੰਭਾਵਨਾਂ ਨੂੰ ਨਕਾਰਿਆ ਨਹੀ ਜਾ ਸਕਦਾ :-

1) ਠੇਕੇਦਾਰ ਦੁਆਰਾ ਸਪਲਾਈ ਕੀਤੀਆਂ ਆਈਟਮਾਂ ਦੀ ਬਣਦੀ ਕੀਮਤ ਪੰਜਾਬ ਸਿਕਿਉਰਟੀ ਸਿੱਖਲਾਈ ਸੰਸਥਾਂ, ਜਹਾਨਖੇਲਾਂ ਵਿਖੇ ਮਾਲ ਪਹੁੰਚਣ ਉਪਰੰਤ ਇੱਕ ਹਫਤੇ ਬਾਅਦ ਕੀਤੀ ਜਾਵੇਗੀ ਅਤੇ ਮਾਲ ਦੀ ਸਪਲਾਈ ਲਈ ਠੇਕੇਦਾਰ ਨੂੰ ਕੋਈ ਪੇਸ਼ਗੀ ਰਕਮ ਨਹੀ ਦਿੱਤੀ ਜਾਵੇਗੀ ।

02 ਠੇਕੇਦਾਰ ਵੱਲੋ ਸਾਰੀਆਂ ਵਸਤੂਆਂ ਦੇ ਮਿਆਰ ਆਦਿ ਦਾ ਜਾਇਜਾ ਨਾਮਜਦ ਸਟਾਫ ਮੈਂਬਰਾਂ ਅਤੇ ਸਿਖਿਆਰਥੀਆਂ ਦੀ ਇੱਕ ਕਮੇਟੀ ਦੁਆਰਾ ਨਿਰੰਤਰ ਲਿਆ ਜਾਂਦਾ ਰਿਹਾ ਕਰੇਗਾ ਅਤੇ ਇਸ ਵਿੱਚ ਪਾਈਆਂ ਜਾਂਣ ਵਾਲੀਆਂ ਕਮੀਆਂ/ਤਰੁਟੀਆਂ ਦੀ ਸੂਰਤ ਵਿੱਚ ਠੇਕਾ ਇੱਕ ਤਰਫਾ ਤੌਰ ਤੇ ਭੰਗ ਕਰ ਦਿੱਤਾ ਜਾਵੇਗਾ ਅਤੇ ਸਿਕਿਉਰਟੀ ਰਾਸ਼ੀ ਜਬਤ ਕਰ ਲਈ ਜਾਵੇਗੀ ।

03 ਦੋਵੇਂ ਧਿਰਾਂ ਦੀ ਸਹਿਮਤੀ ਤੇ ਕੰਟਰੈਕਟ ਵਿੱਚ ਹੋਰ ਵਾਧਾ ਵੀ ਮੌਜੂਦਾ ਕੰਟਰੈਕਟ ਦੀਆਂ ਸ਼ਰਤਾਂ ਦੇ ਅਧਾਰ ਤੇ ਕੀਤਾ ਸਕਦਾ ਹੈ ।

04 ਏਜੈਂਸੀ ਵੱਲੋਂ ਠੇਕਾ ਕਿਸੇ ਹੋਰ ਨੂੰ ਸਬਲਿਟ ਨਹੀ ਕੀਤਾ ਜਾਵੇਗਾ ।

05 ਏਜੈਂਸੀ ਨੂੰ ਆਪਣੇ ਤੌਰ ਤੇ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਉਸਦੇ ਕਿਸੇ ਵੀ ਕਰਮਚਾਰੀ ਵੱਲੋਂ ਪੰਜਾਬ ਪੁਲਿਸ ਦੇ ਸੁਰੱਖਿਆ ਪੱਖੋ ਸੰਵੇਦਨਸ਼ੀਲ ਪ੍ਰਿਸਰ ਵਿੱਚ ਸਿੱਖਲਾਈ ਹਾਸਲ ਕਰਦੇ ਜਾ ਰਿਹਾਇਸ਼ ਰੱਖਦੇ ਪੁਲਿਸ ਅਤੇ ਸਿਵਲੀਅਨ ਕਰਮੀਆਂ ਅਤੇ ਸਿਖਿਆਰਥੀਆਂ ਨੂੰ ਕਿਸੇ ਕਿਸਮ ਦਾ ਕੋਈ ਖਤਰਾ ਨਹੀ ਹੋਵੇਗਾ।

06 ਠੇਕਦਾਰ ਕੇਵਲ ਠੇਕੇ ਦੀਆਂ ਸ਼ਰਤਾਂ ਅਨੁਸਾਰ ਤਹਿ ਸ਼ੁਦਾ ਵਸਤਾਂ ਦੀ ਸੁਰਖਿਆ ਗਾਰਡ ਕੋਰਸਾਂ ਦੇ ਸਿਖਿਆਰਥੀਆਂ ਲਈ ਸਪਲਾਈ ਕਰੇਗਾ ਇਸ ਤੋਂ ਇਲਾਵਾ ਕਿਸੇ ਹੋਰ ਆਈਟਮ ਦੀ ਸਪਲਾਈ ਜਾ ਵਿਕਰੀ ਤੇ ਸਖਤ ਪਾਬੰਦੀ ਹੋਵੇਗੀ ਅਤੇ ਇਸ ਦੀ ਉਲਘਣਾਂ ਕਰਨ ਤੇ ਠੇਕੇਦਾਰ ਨੂੰ ਢੁਕਵਾਂ ਜੁਰਮਾਨਾਂ ਕੀਤਾ ਜਾ ਸਕਦਾ ਹੈ ।

07 ਠੇਕੇਦਾਰ ਦੁਆਰਾ ਲੋੜੀਂਦੀਆਂ ਆਈਟਮਾਂ ਦੀ ਸਪਲਾਈ ਦੀ ਪਹੁੰਚ ਪੰਜਾਬ ਸਿਕਿਉਰਟੀ ਸਿਖਲਾਈ ਸੰਸਥਾਂ , ਜਹਾਨਖੇਲਾਂ ਵਿਖੇ ਕੈਂਪਸ ਦੇ ਅੰਦਰ ਦਿੱਤੀ ਜਾਵੇਗੀ ਜਿਸ ਲਈ ਟਰਾਂਸਪੋਰਟੇਸ਼ਨ ਦਾ ਕੋਈ ਖਰਚਾ ਠੇਕੇਦਾਰ ਨੂੰ ਅਦਾ ਨਹੀ ਕੀਤਾ ਜਾਵੇਗਾ ।

08 ਸਪਲਾਈ, ਕੋਰਸ ਸ਼ੁਰੂ ਹੋਣ ਤੋਂ 20 ਦਿਨਾਂ ਦੇ ਅੰਦਰ-ਅੰਦਰ ਮੁਕੰਮਲ ਕਰਨੀ ਹੋਵੇਗੀ ਅਤੇ ਦੇਰੀ ਲਈ ਸਪਲਾਈ ਆਰਡਰ ਲਈ ਕੁਲ ਕੀਮਤ ਤੇ 5% ਦਾ ਜੁਰਮਾਨਾਂ ਕੀਤਾ ਜਾ ਸਕਦਾ ਹੈ ।

09 ਟ੍ਰੇਨੀਆਂ ਦੀ ਵਰਦੀ ਦੀ ਸਿਲਾਈ ਉਹਨਾਂ ਦਾ ਨਾਪ ਲੈ ਕੇ ਸਿਲਾਈ ਕਰਾ ਕੇ ਦਿੱਤੀ ਜਾਵੇਗੀ।

10 ਟੈਂਡਰ ਦੇ ਨਾਲ ਰਕਮ 10,000/-ਰੁਪਏ ਦੀ ਰਾਸ਼ੀ ਦਾ ਡਰਾਫਟ ਬਤੌਰ ਅਰਨੈਸਟ ਮਨੀ ਪੰਜਾਬ ਪੁਲਿਸ ਸਿਕਿਉਰਟੀ ਕਾਰਪੋਰੇਸ਼ਨ, ਚੰਡੀਗੜ੍ਹ ਦੇ ਨਾ ਜਮ੍ਹਾਂ ਕਰਾਉਣਾ ਪਵੇਗਾ । L-1 ਠੇਕੇਦਾਰ ਦੇ ਹੱਕ ਵਿੱਚ ਕੰਮ ਅਲਾਟ ਹੋਣ ਤੇ ਰਕਮ 20,000/- ਰੁਪਏ ਬਤੌਰ ਸਿਕਿਉਰਟੀ ਇਕਰਾਰਨਾਮੇ ਤੋਂ ਪਹਿਲਾਂ ਡਰਾਫਟ ਰਾਹੀਂ ਜਮ੍ਹਾਂ ਕਰਾਉਣੀ ਪਵੇਗੀ ।

11 ਠੇਕੇ ਨਾਲ ਸਬੰਧਤ ਬਣਦੀ ਧੰਨ ਰਾਸ਼ੀ ਤੇ ਇੰਨਕੰਮ ਟੈਕਸ, ਸੇਵਾਕਰ ਜਾਂ ਹੋਰ ਨਿਰਧਾਰਿਤ ਕਰਾਂ ਦੀ ਅਦਾਇਗੀ ਏਜੈਂਸੀ ਵੱਲੋਂ ਆਪਣੇ ਤੌਰ ਤੇ ਨਿਸਚਿੱਤ ਸਮੇਂ ਤੇ ਕਰ ਕੇ ਕੋਈ ਬਕਾਇਆ ਨਾ ਹੋਣ ਦਾ ਸਰਟੀਫਿਕੇਟ ਸੁਨਿਸ਼ਚਿਤ ਸਮੇਂ ਤੇ ਪੇਸ਼ ਕਰਨਾ ਪਵੇਗਾ ।

12 ਪੇਮੈਂਟ ਕਮੇਟੀ ਵੱਲੋਂ ਪਾਸ ਕੀਤੇ ਵਰਦੀ ਅਤੇ ਹੋਰ ਆਰਟੀਕਲ ਦੇ ਸੈਂਪਲ ਤਸੱਲੀਬਖਸ਼ ਸਪਲਾਈ ਪ੍ਰਾਪਤ ਕਰਨ ਉਪਰੰਤ ਟ੍ਰੇਨਿੰਗ ਸੈਂਟਰ ਵਿਖੇ ਕਮੇਟੀ ਵੱਲੋਂ ਕੀਤੀ ਜਾਵੇਗੀ ।

13 ਠੇਕੇਦਾਰ ਅਤੇ ਉਸ ਦੇ ਕਰਮਚਾਰੀ ਟ੍ਰੇਨਿੰਗ ਸੈਂਟਰ ਦੇ ਨਿਯਮਾਂ ਅਤੇ ਕਾਰਜਪ੍ਰਣਾਲੀਆਂ ਦੇ ਪਾਬੰਦ ਹੋਣਗੇ ਅਤੇ ਕਿਸੇ ਵੀ ਅਜਿਹੀ ਗਤੀਵਿਧੀ ਵਿੱਚ ਸ਼ਾਮਿਲ ਨਹੀ ਹੋਣਗੇ ਜੋ ਗੈਰ ਕਾਨੂਨੀ ਅਤੇ ਟ੍ਰੇਨਿੰਗ ਦੇ ਪ੍ਰਿਸਰ ਵਿੱਚ ਵਰਜਿਤ ਹਨ ।

14 ਹਰੇਕ ਠੇਕੇਦਾਰ ਨੂੰ ਆਪਣੇ ਪਿਛਲੇ ਤਜਰਬੇ ਅਤੇ ਮਾਲੀ ਸਾਖ ਦੇ ਅਧਾਰ ਤੇ ਕਮੇਟੀ ਨੂੰ ਇਹ ਵਿਸ਼ਵਾਸ ਦਿਵਾਉਣਾ ਪਵੇਗਾ ਕਿ ਉਹ ਠੇਕੇ ਦੀਆਂ ਜਿਮੇਵਾਰੀਆਂ ਬਿਨਾਂ ਕਿਸੇ ਰੁਕਾਵਟ ਵਧੀਆ ਤਰੀਕੇ ਨਾਲ ਪੂਰੀਆਂ ਕਰਨ ਦੇ ਸਮਰੱਥ ਹੈ । ਅਜਿਹਾ ਨਾ ਕਰਨ ਦੀ ਸੂਰਤ ਵਿੱਚ ਕਮੇਟੀ ਨੂੰ ਕਿਸੇ ਵੀ ਠੇਕੇਦਾਰ ਦੀ ਪੇਸ਼ਕਸ਼ ਨੂੰ ਅਪ੍ਰਵਾਨ ਕਰਨ ਦਾ ਅਧਿਕਾਰ ਹੋਵੇਗਾ ।

15 ਟੈਂਡਰ ਖੋਲਣ ਵਾਲੇ ਦਿਨ ਹਰੇਕ ਆਈਟਮ ਦੇ ਲੇਬਲ ਤੇ ਰੇਟ ਅਤੇ ਏਜੈਂਸੀ ਦੇ ਹਸਤਾਖਰ ਹੋਣੇ ਜ਼ਰੂਰੀ ਹਨ ।

16 ਟੈਂਡਰ ਖੋਲਣ ਵਾਲੇ ਦਿਨ ਕਿਸੇ ਤਰ੍ਹਾਂ ਦੀ ਵੀ ਅੱਚਨਚੇਤ ਛੁੱਟੀ ਹੋਣ ਤੇ ਟੈਂਡਰ ਅਗਲੇ ਦਿਨ ਖੋਲਿਆ ਜਾਵੇਗਾ ।

ਵਰਦੀਆਂ ਦੀਆਂ ਆਈਟਮਾਂ

| ਲੜੀ ਨੰ: | ਵਸਤੂ ਦਾ ਨਾਂ |
|---|---|
| ●1 | ਪੈਂਟ ਟੈਰੀਕਾਟ ਰੰਗ ਸਮੋਕ ਗਰੇਅ |
| ●2 | ਕਮੀਜ ਟੈਰੀਕਾਟ ਰੰਗ ਲਾਈਟ ਗਰੇਅ |
| ●3 | ਟੀ.ਸ਼ਰਟ ਰੰਗ ਲਾਈਟ ਗਰੇਅ |
| ●4 | ਲੋਅਰ ਰੰਗ ਲਾਈਟ ਗਰੇਅ |
| ●5 | ਜੁਰਾਬਾਂ ਰੰਗ ਲਾਈਟ ਗਰੇਅ |
| ●6 | ਜਰਸੀ ਰੰਗ ਸਮੋਕ ਗਰੇਅ |
| ●7 | ਪੀ.ਟੀ. ਬੂਟ ਚਿੱਟੇ (ਟੈਨਿਸ ਬਾਟਾ) |
| ●8 | ਡਰਬੀ ਬੂਟ ਕਾਲੇ (ਅਲਰਟ ਸੋਲ ਫਾਰ ਪ੍ਰੇਡ) |
| ●9 | ਪਗੜੀ ਰੰਗ ਸਮੋਕ ਗਰੇਅ ਰੂਬੀਆ ਵੈਲ (ਫਿਫਟੀ ਬਲੈਕ ਪਟਕਾ) |
| 1● | ਕੈਪ ਗਰੇਅ ਰੰਗ |
| 11 | ਪਗੜੀ ਬੈਚ |
| 12 | ਸ਼ੋਲਡਰ ਬੈਚ |
| 13 | ਬੈਲਟ ਸੈੱਟ (ਡੰਡਾ, ਲੂੱਪਾ , ਪੋਚ) |
| 14 | ਨੇਮ ਪਲੇਟ |
| 15 | ਵਿਸਲ ਡੋਰੀ ਕਾਲੀ |
| 16 | ਪੀ.ਟੀ.ਡਰੈਸ (ਸੈਨਡੇ ਬਨਿਆਨ, ਟੋਪਾ ਗਲੋਵਸ) |
| 17 | ਸੈਰੇਮੋਨਿਅਲ ਡਰੇਸ (ਹੋਕਲ ਗੁਲੂਬੰਦ,ਕਮਰ ਬੰਦ, ਝਾਲਰ ਇੰਕਲੈੱਟ ਜੋੜਾ) |

ਨੋਟ :- ਗਰਮੀਆਂ ਦੇ ਮੌਸਮ ਵਿੱਚ ਚੱਲਣ ਵਾਲੇ ਟ੍ਰੇਨਿੰਗ ਸੈਸ਼ਨ ਦੌਰਾਨ ਗਰਮ ਜਰਸੀਆਂ ਦੀ ਸਪਲਾਈ ਨਹੀ ਲਈ ਜਾਵੇਗੀ ।

- ਸੈਂਪਲ ਦੀ ਹਰ ਆਈਟਮ ਤੇ ਰੇਟ, ਏਜੈਂਸੀ ਦਾ ਨਾਂ ਅਤੇ ਹਸਤਾਖਰ ਹੋਣੇ ਜਰੂਰੀ ਹੈ।
- ਹਰ ਆਈਟਮ ਦੇ ਸੈਂਪਲ ਦੀ ਕੁਆਲਟੀ ਲਈ ਇੱਕ ਮਾਤਰਾ ਹੀ ਯੋਗ ਹੋਵੇਗੀ ।